ਮਿਤੀ.........

ਨੰਬਰ........./ਪਾਰਟ/72/72

...

ਵੱਲੋਂ ਨੰਬਰ

ਮੁੱਖ ਇੰਜੀਨੀਅਰਜਨਹਿਰਾਂ,
ਸਿੰਚਾਈ ਵਿਭਾਗ, ਪੰਜਾਬ,
ਚੰਡੀਗੜ੍ਹ।

ਵੱਲ

ਨਿਗਰਾਨ ਇੰਜੀਨੀਅਰ,
ਅਪਰ ਬਾਰੀ ਦੁਆਬ ਕੈਨਾਲ ਸਰਕਲ,
ਅੰਮ੍ਰਿਤਸਰ।

ਵਿਸ਼ਾ:- **ਰਬੀ ਸਮੇ ਮਿਤੀ 29-10-2017 ਤੋ ਮਿਤੀ 22-04-2018 ਦੌਰਾਨ ਅਪਰ ਬਾਰੀ ਦੁਆਬ ਕੈਨਾਲ ਸਿਸਟਮ ਦੀਆਂ ਨਹਿਰਾਂ ਦੇ ਚਲਾਉਣ ਦਾ ਵਾਰੀ ਬੰਦੀ ਪ੍ਰੋਗਰਾਮ।**

......

ਅਪਰ ਬਾਰੀ ਦੁਆਬ ਕੈਨਾਲ ਸਿਸਟਮ ਦੀਆਂ ਨਹਿਰਾਂ ਨੂੰ ਰਬੀ ਸਮੇਂ ਦੌਰਾਨ ਮਿਤੀ 29-10-2017 ਤੋ ਮਿਤੀ 22-04-2018 ਤੱਕ ਚਲਾਉਣ ਦਾ ਮੁੱਖ ਇੰਜੀਨੀਅਰ/ਨਹਿਰਾਂ ਜੀ ਵੱਲੋ ਮੰਨਜੂਰਸੁਦਾ ਪ੍ਰੋਗਰਾਮ ਤਿਆਰ ਕਰਕੇ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ। ਰੈਵੀਨਿਊ ਮੈਨੂਅਲ ਦੇ ਪੈਰਾ 13.13 ਅਨੁਸਾਰ ਇਸ ਵਾਰੀ ਬੰਦੀ ਪ੍ਰੋਗਰਾਮ ਨੂੰ ਸਬੰਧਤ ਸਾਰੇ ਕਾਸ਼ਤਕਾਰਾਂ ਦੀ ਆਮ ਜਾਣਕਾਰੀ ਹਿੱਤ ਇਸ ਦਾ ਕਾਫੀ ਪ੍ਰਚਾਰ ਕੀਤਾ ਜਾਵੇ। ਜਦੋਂ ਵੀ ਅਪਰ ਬਾਰੀ ਦੁਆਬ ਕੈਨਾਲ ਦੇ ਦੋਹਾਂ ਗਰੁੱਪਾਂ ਦਾ ਇਨਡੈਟ ਵੱਧ ਹੋਵੇ ਤੇ ਪਾਣੀ ਦੀ ਉਪਲੱਭਤਾ ਘੱਟ ਹੋਵੇ ਤਾਂ ਇਸ ਵਾਰੀ ਬੰਦੀ ਪ੍ਰੋਗਰਾਮ ਨੂੰ ਲਾਗੂ ਕੀਤਾ ਜਾਵੇ।

ਇੱਥੇ ਇਹ ਵੀ ਹਦਾਇਤ ਕੀਤੀ ਜਾਂਦੀ ਹੈ ਕਿ ਇਹੋ ਜਿਹਾ ਵਾਰੀ ਬੰਦੀ ਪ੍ਰੋਗਰਾਮ ਹਰੇਕ ਰਜਵਾਹੇ ਲਈ ਵੀ ਬਣਾਇਆ ਜਾਵੇ ਅਤੇ ਸਬੰਧਤ ਕਾਰਜਕਾਰੀ ਇੰਜੀਨੀਅਰ ਆਪਣੀ ਨਿਗਰਾਨੀ ਹੇਠ ਲਾਗੂ ਕਰਨ ਤਾਂ ਕਿ ਨਹਿਰ ਦੇ ਪਾਣੀ ਦੀ ਬੇਤਰਤੀਬੀ ਵੰਡ ਬਾਰੇ ਕੋਈ ਸ਼ਿਕਾਇਤ ਨਾ ਆਵੇ। ਇਸ ਗੱਲ ਦਾ ਵੀ ਧਿਆਨ ਰੱਖਿਆ ਜਾਵੇ ਕਿ ਹਰੇਕ ਰਜਬਾਹਾ ਪੂਰੇ 8 ਦਿਨਾਂ ਲਈ ਪੂਰੀ ਸਮਰੱਥਾ ਨਾਲ ਚੱਲੇ, ਜਦੋ ਬਰਾਂਚ ਨਹਿਰ ਵਿੱਚ ਪਾਣੀ ਦੀ ਉਪਲੱਭਤਾ ਘੱਟ ਹੋਵੇ ਜਾਂ 'ਇੰਡੈਂਟ' ਮੁਤਾਬਿਕ ਨਾ ਚੱਲਦੀ ਹੋਵੇ। ਇਸ ਵਾਰੀ ਬੰਦੀ ਪ੍ਰੋਗਰਾਮ ਦੀਆਂ ਕਾਪੀਆਂ ਸਾਰੇ ਨਹਿਰੀ ਵਿਸ਼ਰਾਮ ਘਰਾਂ/ਰੈਗੂਲੇਟ ਕਰਨ ਵਾਲੀਆਂ ਥਾਵਾਂ/ਮੁੱਖ ਨਹਿਰਾਂ/ਰਜਬਾਹਿਆਂ ਦੇ ਹੈਡ ਅਤੇ ਪਿੰਡਾਂ ਦੇ ਪੰਚਾਇਤ ਘਰਾਂ ਵਿੱਚ ਲਾਈਆਂ ਜਾਣ ਅਤੇ ਇੱਕ-ਇੱਕ ਕਾਪੀ ਸਬੰਧਤ ਪਿੰਡਾਂ ਦੇ ਸਰਪੰਚਾਂ ਨੂੰ ਵੀ ਦਿੱਤੀ ਜਾਵੇ ਤਾਂ ਕਿ ਕਾਸ਼ਤਕਾਰਾਂ ਨੂੰ ਸਾਲ 2017-18 ਦੇ ਰਬੀ ਸਮੇ ਵਿੱਚ ਪਾਣੀ ਦੀ ਉਪਲੱਭਤਾ ਬਾਰੇ ਪੂਰੀ ਜਾਣਕਾਰੀ ਮਿਲ ਸਕੇ।

ਇਸ ਪ੍ਰੋਗਰਾਮ ਨੂੰ ਤਿਆਰ ਕਰਕੇ ਭੇਜਣ ਬਾਰੇ ਆਪ ਜੀ ਨੂੰ ਇਸ ਦਫਤਰ ਦੇ ਪੱਤਰ ਨੰਬਰ 1379/3-ਪਾਰਟ/72/72 ਮਿਤੀ 21-08-2017 ਅਤੇ ਕੈਨਾਲ ਵਾਇਰ ਨੰਬਰ 813, ਮਿਤੀ 08-09-2017 ਰਾਹੀਂ ਲਿਖਿਆ ਸੀ। ਆਪ ਜੀ ਦੇ ਦਫਤਰ ਵੱਲੋਂ ਭੇਜਿਆ ਪ੍ਰਗਾਰਾਮ, ਪੜਤਾਲਣ/ ਸੋਧ ਕਰਨ ਉਪਰੰਤ, ਤਿਆਰ ਕਰਕੇ ਭੇਜਿਆ ਜਾਂਦਾ ਹੈ।

ਜੇਕਰ ਇਸ ਪ੍ਰੋਗਰਾਮ ਨੂੰ ਬਦਲਣ ਜਾਂ ਸੋਧਣ ਦੀ ਜ਼ਰੂਰਤ ਮਹਿਸੂਸ ਹੋਵੇ ਤਾਂ ਮੁੱਖ ਇੰਜੀਨੀਅਰ/ਨਹਿਰਾਂ ਨਾਲ ਸਲਾਹ ਮਸ਼ਵਰਾ ਕੀਤਾ ਜਾਵੇ।

ਨੱਥੀ/ਵਾਰੀ ਬੰਦੀ ਪ੍ਰੋਗਰਾਮ
ਦੀਆਂ ਚਾਰ ਕਾਪੀਆਂ

ਕਾਰਜਕਾਰੀ ਇੰਜੀਨੀਅਰ/ਰੈਗੂਲੇਸ਼ਨ,
ਵਾ: ਮੁੱਖ ਇੰਜੀਨੀਅਰ/ਨਹਿਰਾਂ,ਸਿੰਚਾਈ ਵਿਭਾਗ,
ਪੰਜਾਬ, ਚੰਡੀਗੜ੍ਹ।

ਨੰਬਰ 1551-69/ਪਾਰਟ/72/72 ਮਿਤੀ 16-10-17

ਉਪਰੋਕਤ ਦੀ ਕਾਪੀ, ਸਮੇਤ ਵਾਰੀ ਬੰਦੀ ਪ੍ਰੋਗਰਾਮ ਹੇਠ ਲਿਖੇ ਦਫ਼ਤਰਾਂ ਨੂੰ ਸੂਚਨਾਂ ਅਤੇ ਅਗਲੇਰੀ ਕਾਰਵਾਈ ਹਿੱਤ ਭੇਜੀ ਜਾਂਦੀ ਹੈ।

1. ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ, ਸਿੰਚਾਈ ਵਿਭਾਗ, ਚੰਡੀਗੜ੍ਹ।
2. ਡਾਇਰੈਕਟਰ, ਖੇਤੀਬਾੜੀ ਵਿਭਾਗ, ਪੰਜਾਬ, ਚੰਡੀਗੜ੍ਹ, ਐਸ.ਸੀ.ਓ. ਨੰ:85-88 ਸੈਕਟਰ 34 ਏ, ਚੰਡੀਗੜ੍ਹ।
3. ਲੋਕ ਸੰਪਰਕ ਅਧਿਕਾਰੀ, ਸਿੰਚਾਈ ਮੰਤਰੀ, ਪੰਜਾਬ, ਕਮਰਾ ਨੰ:11, ਪੰਜਵੀ ਮੰਜਿਲ ਸਿਵਲ ਸਕੱਤਰੇਤ, ਚੰਡੀਗੜ੍ਹ।
4. ਕਾਰਜਕਾਰੀ ਇੰਜੀਨੀਅਰ, ਗੁਰਦਾਸਪੁਰ ਮੰਡਲ, ਯੂ.ਬੀ.ਡੀ.ਸੀ, ਗੁਰਦਾਸਪੁਰ।
5. ਕਾਰਜਕਾਰੀ ਇੰਜੀਨੀਅਰ, ਜੰਡਿਆਲਾ ਮੰਡਲ, ਯੂ.ਬੀ.ਡੀ.ਸੀ, ਅੰਮ੍ਰਿਤਸਰ।
6. ਕਾਰਜਕਾਰੀ ਇੰਜੀਨੀਅਰ, ਮਾਧੋਪੁਰ ਮੰਡਲ, ਯੂ.ਬੀ.ਡੀ.ਸੀ, ਗੁਰਦਾਸਪੁਰ।
7. ਕਾਰਜਕਾਰੀ ਇੰਜੀਨੀਅਰ, ਮਜੀਠਾ ਮੰਡਲ,ਯੂ.ਬੀ.ਡੀ.ਸੀ, ਅੰਮ੍ਰਿਤਸਰ।
8. ਡਿਪਟੀ ਕਮਿਸ਼ਨਰ, ਅੰਮ੍ਰਿਤਸਰ।
9. ਡਿਪਟੀ ਕਮਿਸ਼ਨਰ, ਗੁਰਦਾਸਪੁਰ।
10. ਡਿਪਟੀ ਕਮਿਸ਼ਨਰ, ਤਰਨਤਾਰਨ।
11. ਡਿਪਟੀ ਕਮਿਸ਼ਨਰ, ਪਠਾਣਕੋਟ।
12. ਡਾਇਰੈਕਟਰ, ਐਕਸਟੈਂਸ਼ਨ ਐਜੂਕੇਸ਼ਨ., ਪੰਜਾਬ, ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ।
13. ਕਾਰਜਕਾਰੀ ਇੰਜੀਨੀਅਰਜਨਹਿਰਾਂ, ਸਿੰਚਾਈ ਵਿਭਾਗ, ਮੁੱਖ ਦਫ਼ਤਰ, ਪੰਜਾਬ, ਚੰਡੀਗੜ੍ਹ।
14. ਇੰਚਾਰਜ ਕੰਪਿਊਟਰ ਸੈਲ ਸਿੰਚਾਈ ਵਿਭਾਗ ਪੰਜਾਬ, ਚੰਡੀਗੜ੍ਹ ਨੂੰ ਵੈਬ ਸਾਇਟ ਤੇ ਪਾਉਣ ਲਈ ਭੇਜਿਆ ਜਾਂਦਾ ਹੈ।

ਸਹਿਪੱਤਰ/ਉਪਰੋਕਤ ਅਨੁਸਾਰ

ਕਾਰਜਕਾਰੀ ਇੰਜੀਨੀਅਰ/ਰੈਗੂਲੇਸ਼ਨ,
ਵਾ: ਮੁੱਖ ਇੰਜੀਨੀਅਰ ਨਹਿਰਾਂ,ਸਿੰਚਾਈ ਵਿਭਾਗ,
ਪੰਜਾਬ, ਚੰਡੀਗੜ੍ਹ।

ਨੋਟ: ਇਸ ਸਮੇ ਦੋਰਾਨ ਜੇਕਰ ਕਿਸੇ ਕਾਰਨ ਕਰਕੇ ਨਹਿਰ ਦੀ ਬੰਦੀ ਆ ਜਾਂਦੀ ਹੈ ਤਾਂ ਸਬੰਧਤ ਨਿਗਰਾਨ ਇੰਜੀਨੀਅਰ ਵੱਲੋ ਵਾਰੀ ਬੰਦੀ ਪ੍ਰੋਗਰਾਮ ਬਿਨ੍ਹਾਂ ਕਿਸੇ ਨੋਟਿਸ ਦੇ ਬਦਲਿਆ/ਦੋਹਰਾਇਆ ਜਾ ਸਕਦਾ ਹੈ।

**ਅਪਰ ਬਾਰੀ ਦੁਆਬ ਕੈਨਾਲ ਸਿਸਟਮ ਦੀਆਂ ਨਹਿਰਾਂ ਦਾ ਰਬੀ ਸਮਾਂ ਮਿਤੀ 29-10-2017 ਤੋ ਮਿਤੀ 22-04-2018 ਤੱਕ ਦਾ ਵਾਰੀ ਬੰਦੀ ਪ੍ਰੋਗਰਾਮ ।**

| ਲੜੀ ਨੰ: | ਸਮਾਂ | | ਕਸੂਰ ਬਰਾਂਚ ਲੋਅਰ ਅਤੇ ਮੇਨ ਲਾਈਨ ਤੱਕ ਦੇ ਰਜਬਾਹੇ (ਗਾਜੀਕੋਟ ਨੂੰ ਛੱਡਕੇ) 1418ਕਿਊਸਿਕਸ (ੳ) | ਸਭਰਾਓ ਬਰਾਂਚ 1334 ਕਿਊਸਿਕਸ (ਅ) | ਲਹੌਰ ਬਰਾਂਚ, ਧਿਆਨ ਪੂਰਾ, ਅਲੀਵਾਲ ਮਜੀਠਾ, ਕੋਟਲਾ, ਕੋਟ ਕਰਮਚੰਦ, ਖੇੜੀਵਾਲਾ, ਬਰੀਏਵਾਲਾ, ਕੰਜਾਰ,ਬੇਬੇਹਾਲੀ ਰਜਬਾਹੇ 1059 ਕਿਊਸਿਕਸ (ੲ) | ਮੇਨ ਬਰਾਂਚ ਲੋਅਰ, ਫਤਿਹਗੜ੍ਹ,ਰਾਈਆ, ਬਿਸਨੀਵਾਲ,ਗਾਜੀਕੋਟ ਰਜਬਾਹੇ 1154 ਕਿਊਸਿਕਸ (ਸ) |
|---|---|---|---|---|---|---|
| | ਤੋ | ਤੱਕ | | | | |
| 1 | 29/10/2017 | 05/11/2017 | 1 | 2 | 3 | 4 |
| 2 | 06/11/2017 | 13/11/2017 | 3 | 4 | 1 | 2 |
| 3 | 14/11/2017 | 21/11/2017 | 4 | 3 | 2 | 1 |
| 4 | 22/11/2017 | 29/11/2017 | 2 | 1 | 4 | 3 |
| 5 | 30/11/2016 | 07/12/2017 | 1 | 2 | 3 | 4 |
| 6 | 08/12/2017 | 15/12/2017 | 3 | 4 | 1 | 2 |
| 7 | 16/12/2017 | 23/12/2017 | 4 | 3 | 2 | 1 |
| 8 | 24/12/2017 | 31/12/2017 | 2 | 1 | 4 | 3 |
| 9 | 01/01/2018 | 08/01/2018 | 1 | 2 | 3 | 4 |
| 10 | 09/01/2018 | 16/01/2018 | 3 | 4 | 1 | 2 |
| 11 | 17/01/2018 | 24/01/2018 | 4 | 3 | 2 | 1 |
| 12 | 25/01/2018 | 01/02/2018 | 2 | 1 | 4 | 3 |
| 13 | 02/02/2018 | 09/02/2018 | 1 | 2 | 3 | 4 |
| 14 | 10/02/2018 | 17/02/2018 | 3 | 4 | 1 | 2 |
| 15 | 18/02/2018 | 25/02/2018 | 4 | 3 | 2 | 1 |
| 16 | 26/02/2018 | 05/03/2018 | 2 | 1 | 4 | 3 |
| 17 | 06/03/2018 | 13/03/2018 | 1 | 2 | 3 | 4 |
| 18 | 14/03/2018 | 21/03/2018 | 3 | 4 | 1 | 2 |
| 19 | 22/03/2018 | 29/03/2018 | 4 | 3 | 2 | 1 |
| 20 | 30/03/2018 | 06/04/2018 | 2 | 1 | 4 | 3 |
| 21 | 07/04/2018 | 14/04/2018 | 1 | 2 | 3 | 4 |
| 22 | 15/04/2018 | 22/04/2018 | 3 | 4 | 1 | 2 |

ਨੋਟ: 1. ਉਪਰੋਕਤ ਵਾਰੀ ਬੰਦੀ ਪ੍ਰੋਗਰਾਮ ਰਣਜੀਤ ਸਾਗਰ ਡੈਮ ਵਿੱਚ ਪਾਣੀ ਦੀ ਉਪਲੱਬਤਾ ਤੇ ਨਿਰਭਰ ਕਰਦਾ ਹੈ ।

2. ਨਿਗਰਾਨ ਇੰਜੀਨੀਅਰ, ਅਪਰਬਾਰੀ ਦੁਆਬ ਕੈਨਾਲ ਸਰਕਲ, ਅੰਮ੍ਰਿਤਸਰ ਕਿਸੇ ਸਮੇ ਬਿਨਾਂ ਕਿਸੇ ਨੋਟਿਸ ਦਿੱਤੇ ਇਸ ਨੂੰ ਬਦਲਣ ਦੀ ਸਮਰੱਥਾ ਰੱਖਦੇ ਹਨ ।

3. ਮੇਨ ਬਰਾਂਚ ਲੋਅਰ, ਦਿਵਾਲੀ ਅਤੇ ਵਿਸਾਖੀ ਤੋ ਪਹਿਲਾਂ ਦਰਬਾਰ ਸਾਹਿਬ ਅਤੇ ਦੁਰਗਿਆਣਾ ਮੰਦਰ ਦੇ ਸਰੋਵਰ ਵਾਸਤੇ ਪਹਿਲੀ ਅਤੇ ਦੂਜੀ ਤਰਜੀਹ ਤੇ ਚੱਲੇਗੀ ।

| ਪਹਿਲਾਂ ਗਰੁੱਪ | | ਦੂਜਾ ਗਰੁੱਪ | |
|---|---|---|---|
| (ੳ) | 1418 ਕਿਊਸਿਕਸ | (ੲ) | 1059 ਕਿਊਸਿਕਸ |
| (ਅ) | 1334 ਕਿਊਸਿਕਸ | (ਸ) | 1154 ਕਿਊਸਿਕਸ |